© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access
Peer Reviewed & Indexed Research Journal)

**Paper Id: ARMN040324**
**Volume 4, Issue 3| July-Sep. 2026**
**Available online at: www.armaan.org.in**
**DOI Link: https://doi.org/10.64119/armaan.vol.4.issue3.24**

| DOI | Received Date | Accepted Date | Published Date |
|---|---|---|---|
| 10.64119/armaan.vol.4.issue3.24 | August 10, 2026 | August 31, 2026 | September 05, 2026 |

**ਖੋਜ ਪੇਪਰ (Research Article)**

# ਬਸਤੀਵਾਦੀ ਆਧੁਨਿਕਤਾ ਦਾ ਸੰਕਲਪ

## Bastivadi Aadhunikta Da Sankalap

**ਸਤਿਨਾਮ ਸਿੰਘ (Satnam Singh)**
ਖੋਜਾਰਥੀ (Research Scholar)
ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ- 160014
ORCID: 0009-0008-5623-5841
*E-Mail: pbipus@gmail.com*

**ਸਾਰ (Abstract)**

*ਆਧੁਨਿਕਤਾ ਵਿਗਿਆਨਕ, ਤਾਰਕਕ, ਅਤੇ ਵਿਸ਼ਲੇਸ਼ਣੀ ਸੁਭਾਅ ਦੀ ਦਾਰਸ਼ਨਿਕ ਦ੍ਰਿਸ਼ਟੀ ਹੈ। ਇਹ ਯੂਰਪ ਵਿਚ 13ਵੀਂ-14ਵੀ ਸਦੀ ਵਿਚ ਚਰਚ ਦੀਆਂ ਪੂਰਵ-ਨਿਰਧਾਰਤ ਮਾਨਤਾਵਾਂ ਦੇ ਵਿਰੋਧ ਪੈਦਾ ਹੋਈ ਵਿਗਿਆਨਕ ਜੀਵਨ ਦ੍ਰਿਸ਼ਟੀ ਹੈ। ਆਧੁਨਿਕਤਾ ਦਾਰਸ਼ਨਿਕ ਸੋਚ-ਵਿਧੀ ਹੈ। ਇਹ ਵਸਤ-ਵਰਤਾਰਿਆਂ ਨੂੰ ਬਾਹਰਮੁਖੀ, ਤਾਰਕਕ ਅਤੇ ਵਿਸ਼ਲੇਸ਼ਣੀ ਵਿਧੀ ਰਾਹੀਂ ਸਮਝਦੀ ਹੈ। ਆਧੁਨਿਕ ਸੋਚ-ਵਿਧੀ ਅਤੇ ਵਿਗਿਆਨਕ ਖੋਜਾਂ ਨਾਲ ਖ਼ੁਗੋਲ ਬਾਰੇ ਨਵੇਂ ਗਿਆਨ ਦੇ ਯੁਗ ਦਾ ਅਰੰਭ ਹੋਇਆ। ਇਸ ਨਾਲ ਨਵੇਂ ਸਮੁੰਦਰੀ ਮਾਰਗਾਂ ਦੀ ਤਲਾਸ਼ ਵਿਚ ਮਦਦ ਮਿਲੀ ਜਿਸ ਨਾਲ ਯੂਰਪੀ ਅਤੇ ਪੂਰਬੀ ਅਤੇ ਅਫ਼ਰੀਕਨ ਦੇਸਾਂ ਦੇ ਵਪਾਰਕ ਸੰਬੰਧਾਂ ਨੇ ਨਵੇਂ ਰੂਪ ਇਖ਼ਤਿਆਰ ਕੀਤੇ। ਨਤੀਜੇ ਵਜੋਂ ਬਸਤੀਵਾਦ ਦਾ ਅਰੰਭ ਹੋਇਆ। ਬਸਤੀਆਂ ਵਿਚ ਉਪਲਬਧ ਕੱਚੇ-ਮਾਲ ਅਤੇ ਮਨੁੱਖੀ ਕਿਰਤ ਸ਼ਕਤੀ ਦੇ ਫਲਸਰੂਪ ਉਦਯੋਗਕ ਕ੍ਰਾਂਤੀ ਹੋਈ। ਆਧੁਨਿਕਤਾ ਸੋਚ ਵਿਧੀ ਅਤੇ ਵਿਗਿਆਨਕ ਖੋਜਾਂ ਨਾਲ ਯੂਰਪੀ ਦੇਸਾਂ ਵਿਚ ਅਤੇ ਬਸਤੀਕ੍ਰਿਤ ਦੇਸਾਂ ਵਿਚ ਚੇਤਨਾ ਦੇ ਵਿਭਿੰਨ ਸਰੂਪ ਸਾਹਮਣੇ ਆਏ। ਬਸਤੀਆਂ ਵਿਚ ਪੈਦਾ ਹੋਏ ਇਸ ਚੇਤਨਾ ਦੇ ਰੂਪ ਨੂੰ ਬਸਤੀਵਾਦੀ ਆਧੁਨਿਕਤਾ ਕਿਹਾ ਜਾਂਦਾ ਹੈ। ਸੋ ਬਸਤੀਵਾਦ ਨਾਲ ਪੰਜਾਬ ਵਿਚ ਆਧੁਨਿਕਤਾ ਦਾ ਨਹੀਂ ਬਲਕਿ ਬਸਤੀਵਾਦੀ ਆਧੁਨਿਕਤਾ ਦਾ ਜਨਮ ਹੋਇਆ।*

**ਮੁੱਖ-ਸ਼ਬਦ (Keywords)**

*ਆਧੁਨਿਕਤਾ, ਬਸਤੀਵਾਦ, ਉਦਯੋਗਕ-ਕ੍ਰਾਂਤੀ, ਬਸਤੀਵਾਦੀ ਆਧੁਨਿਕਤਾ, ਸਭਿਅਕ ਮਿਸ਼ਨ, ਪੁਨਰ-ਜਾਗਰਨ, ਲੋਕਤਾਂਤਰਕ ਸੰਸਥਾਵਾਂ, ਪੂੰਜੀਵਾਦ।*

ਬਸਤੀਵਾਦੀ ਆਧੁਨਿਕਤਾ ਦਾ ਸੰਕਲਪ ਪੰਜਾਬੀ ਸਾਹਿਤ ਵਿੱਚ ਨਵਾਂ ਸੰਕਲਪ ਹੈ। ਡਾ.ਸਰਬਜੀਤ ਸਿੰਘ ਨੇ ਆਪਣੀ ਖੋਜ ਪੱਤਰਾਂ ਵਿੱਚ ਬਸਤੀਵਾਦੀ ਆਧੁਨਿਕਤਾ ਬਾਰੇ ਸੰਵਾਦ ਦਾ ਮੁੱਢ ਬੰਨਿਆ ਹੈ। ਪੰਜਾਬੀ ਸਾਹਿਤ ਦੇ ਜ਼ਿਆਦਾਤਰ ਵਿਦਵਾਨਾਂ ਨੇ ਬਸਤੀਵਾਦ ਦੀ ਆਮਦ ਤੋਂ ਹੀ ਇਸ ਨੂੰ ਆਧੁਨਿਕਤਾ ਦਾ ਆਰੰਭ ਮੰਨ ਕੇ ਸਾਹਿਤ ਚਿੰਤਨ ਵਿੱਚ ਕਈ ਭ੍ਰਾਂਤੀਆਂ ਪੈਦਾ ਕਰ ਦਿੱਤੀਆਂ ਹਨ। ਸਧਾਰਨ ਤੌਰ ’ਤੇ ਭਾਰਤ ਵਿੱਚ ਜਿਵੇਂ ਆਧੁਨਿਕਤਾ ਦੇ ਸੰਕਲਪ ਨੂੰ ਪ੍ਰਵਾਨ ਕੀਤਾ ਗਿਆ ਹੈ, ਉਹ ਸਹੀ ਅਰਥਾਂ ਵਿੱਚ ਆਧੁਨਿਕਤਾ ਨਹੀਂ ਹੈ। ਇਹ ਆਧੁਨਿਕਤਾ ਦੇ ਨਾਮ ਉੱਤੇ ਬਸਤੀਵਾਦੀ ਚੇਤਨਾ ਹੈ ਜੋ ਬਸਤੀਵਾਦੀ ਪ੍ਰਬੰਧ ਦੇ ਫਲਸਰੂਪ ਪੈਦਾ ਹੋਈ। ਇਹ ਉਹ ਚੇਤਨਾ ਹੈ ਜੋ ਬਸਤੀਕਾਰਾਂ ਨੇ ਆਪਣੇ ਪ੍ਰਬੰਧ ਨੂੰ ਸਹੀ ਸਾਬਿਤ ਕਰਨ ਦੀ ਪ੍ਰਕਿਰਿਆ ਵਿੱਚ ਬਸਤੀਆਂ ਉੱਤੇ ਥੋਪ ਦਿੱਤੀ। ਇਹ ਬਸਤੀਵਾਦੀ ਆਧੁਨਿਕਤਾ ਦਾ ਉਹ ਰੂਪ ਹੈ ਜਿਸ ਦੀਆਂ ਪੈਦਾ ਕੀਤੀਆਂ ਸਮਾਜ-ਸਭਿਆਚਾਰਕ, ਧਾਰਮਕ, ਅਰਥਕ, ਰਾਜਨੀਤਕ ਅਤੇ ਪ੍ਰਸ਼ਾਸਨਿਕ ਸਮੱਸਿਆਵਾਂ ਵਿੱਚੋਂ ਭਾਰਤ ਅਜੇ ਤੱਕ ਵੀ ਉਭਰ ਹੀ ਨਹੀਂ ਸਕਿਆ ਸਗੋਂ ਦਿਨੋਂ-ਦਿਨ ਹੋਰ ਗਰਕਦਾ ਜਾ ਰਿਹਾ ਹੈ। ਦਰਅਸਲ ਜਿਸ ਨੂੰ ਪੰਜਾਬੀ ਸਾਹਿਤ ਵਿੱਚ ਆਧੁਨਿਕਤਾ ਸਵੀਕਾਰ ਕਰ ਲਿਆ ਗਿਆ ਹੈ ਉਹ ਬਸਤੀਵਾਦੀ ਆਧੁਨਿਕਤਾ ਹੈ। ਆਧੁਨਿਕਤਾ ਅਤੇ ਬਸਤੀਵਾਦੀ ਆਧੁਨਿਕਤਾ ਇੱਕ ਦੂਜੇ ਦੀਆਂ ਵਿਰੋਧੀ ਹੀ ਨਹੀਂ ਸਗੋਂ ਬਸਤੀਵਾਦੀ ਆਧੁਨਿਕਤਾ ਦੇ ਸੰਕਟਾਂ ਤੋਂ ਮੁਕਤੀ ਦਾ ਮਾਰਗ ਆਧੁਨਿਕਤਾ ਵਿੱਚ ਹੀ ਨਿਹਿਤ ਹੈ। ਦੋਨਾਂ ਸੰਕਲਪਾਂ ਬਾਰੇ ਸਹੀ-ਸਹੀ ਸਮਝ ਹੋਣਾ ਬੇਹੱਦ ਜ਼ਰੂਰੀ ਹੈ। ਸਿਰਫ਼ ਪੰਜਾਬੀ ਹੀ ਨਹੀਂ ਵਿਦੇਸ਼ੀ ਵਿਦਵਾਨ ਵੀ ਬਸਤੀਵਾਦੀ ਆਧੁਨਿਕਤਾ ਨੂੰ ਆਧੁਨਿਕਤਾ ਸਮਝਣ ਦੀ ਭਾਰੀ ਗ਼ਲਤੀ ਕਰਦੇ ਹਨ। ਉਦਾਹਰਨਾਂ ਵਜੋਂ Gi-Wook Shin ਅਤੇ Michael Edson Robinson ਦੀ

ਨਿਮਨਲਿਖਤ ਧਾਰਨਾ ਦੇਖੀ ਜਾ ਸਕਦੀ ਹੈ:

> *ਆਧੁਨਿਕਤਾ ਅਜਿਹਾ ਵਰਤਾਰਾ ਹੈ ਜਿਸ ਦੀ ਉਤਪਤੀ 18ਵੀਂ ਸਦੀ ਵਿੱਚ ਪੱਛਮੀ ਯੂਰਪ ਵਿੱਚ ਹੋਈ ਅਤੇ ਬਾਅਦ ਵਿੱਚ ਇਹ ਵਿਸ਼ਵ ਦੇ ਬਾਕੀ ਭਾਗਾਂ ਵਿੱਚ ਫੈਲ ਗਈ। ਆਧੁਨਿਕਤਾ ਨੂੰ ਅਕਸਰ ਪੁਨਰ-ਜਾਗਰਣ, ਤਰਕ, ਵਿਅਕਤੀਵਾਦ, ਕਾਨੂੰਨ ਦੀ ਤਰਕਸੰਗਤ ਵੈਧਤਾ, ਉਦਯੋਗੀਕਰਨ, ਰਾਸ਼ਟਰਵਾਦ, ਪੂੰਜੀਵਾਦੀ ਵਿਸ਼ਵ ਪ੍ਰਣਾਲੀ ਨਾਲ ਜੋੜਿਆ ਜਾਂਦਾ ਹੈ। ਇੰਗਲੈਂਡ ਦੀ ਉਦਯੋਗਿਕ ਕ੍ਰਾਂਤੀ, ਫਰਾਂਸ ਦੀ ਸਮਾਜਿਕ ਕ੍ਰਾਂਤੀ ਅਤੇ ਪੁਨਰ-ਜਾਗਰਣ ਦੇ ਤਰਕ ਸੰਗਤ ਵਿਚਾਰਾਂ ਨੂੰ ਆਧੁਨਿਕਤਾ ਦੇ ਉਥਾਨ ਅਤੇ ਵਿਕਾਸ ਦੇ ਮੁੱਖ ਕਾਰਕਾਂ ਵਜੋਂ ਦੇਖਿਆ ਜਾਂਦਾ ਹੈ। ਸੰਖੇਪ ਵਿੱਚ ਆਧੁਨਿਕਤਾ ਆਪਣੇ ਉਦਭਵ ਅਤੇ ਚਰਿੱਤਰ ਵਿੱਚ ਇਤਿਹਾਸਕ ਰੂਪ ਨਾਲ ਪੱਛਮੀ ਵਰਤਾਰਾ ਹੈ। ਆਧੁਨਿਕਤਾ ਦੀ ਉਤਪੱਤੀ ਪੱਛਮ ਵਿੱਚ ਹੋਈ ਹੈ ਪਰ ਇਹ ਵਿਸ਼ਵ ਦੇ ਬਾਕੀ ਭਾਗਾਂ ਵਿੱਚ ਵਿਭਿੰਨ ਰੂਪ ਵਿੱਚ ਫੈਲ ਗਈ।* [1]

ਆਧੁਨਿਕਤਾ ਸਬੰਧੀ ਉਪਰੋਕਤ ਧਾਰਨਾ ਅਸਪਸ਼ਟ, ਧੁੰਦਲੀ, ਅਵਿਗਿਆਨਕ ਅਤੇ ਭ੍ਰਾਂਤੀਮੂਲਕ ਹੈ। ਪਹਿਲੀ ਗੱਲ ਇਸ ਵਿੱਚ ਤਥਮੂਲਕ ਗ਼ਲਤੀਆਂ ਹਨ, ਪੁਨਰ-ਜਾਗਰਣ, ਉਦਯੋਗਕ ਕ੍ਰਾਂਤੀ, ਫਰਾਂਸ ਦੀ ਕ੍ਰਾਂਤੀ ਆਦਿ 13ਵੀਂ ਸਦੀ ਤੋਂ 18ਵੀਂ ਸਦੀ ਵਿੱਚ ਵੀ ਯੂਰਪ ਦੇ ਵੱਡੇ ਬਦਲਾਵ ਹਨ। ਉਪਰੋਕਤ ਹਵਾਲਾ ਵਿਚ ਕਈ ਵਰਤਾਰਿਆਂ ਜਾਂ ਘਟਨਾਵਾਂ ਨੂੰ ਰਲਗਡ ਕਰ ਦਿੱਤਾ ਹੈ। ਪੁਨਰ-ਜਾਗਰਣ ਬਾਰੇ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ। ਇਹ ਸਾਮੰਤੀ ਵਿਵਸਥਾ ਤੋਂ ਭਿੰਨ ਅਤੇ ਉੱਤਮ ਦਿਖਣ ਦੀ ਲਾਲਸਾ ਤਹਿਤ ਪ੍ਰਾਚੀਨ ਰੋਮ ਸਭਿਅਤਾ ਦਾ ਕੁਲੀਨ ਵਰਗ ਦੁਅਰਾ ਸੁਚੇਤ ਅਨੁਕਰਣ ਸੀ। ਉਦਯੋਗੀਕਰਨ ਇੰਗਲੈਂਡ ਦੇ ਖੇਤੀ ਖੇਤਰ ਦਾ ਪੂੰਜੀਵਾਦੀ ਰੂਪਾਂਤਰਨ ਅਤੇ ਬਸਤੀਆਂ ਦੀ ਲੁੱਟ ਦਾ ਨਤੀਜਾ ਸੀ। ਫਰਾਂਸ ਦੀ ਕ੍ਰਾਂਤੀ, ਫਰਾਂਸ ਦੀ ਤਾਨਾਸ਼ਾਹੀ ਦੇ ਖਿਲਾਫ ਬੁਰਜੂਆ ਵਿਦਰੋਹ ਸੀ। ਇੱਥੇ ਇਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਅਮਰੀਕਾ ਦੀ ਕ੍ਰਾਂਤੀ ਨੂੰ ਅਣਡਿੱਠ ਕਿਉਂ ਕੀਤਾ ਜਾਂਦਾ ਹੈ? ਕਿਉਂਕਿ ਉਹ ਪੱਛਮੀ ਖ਼ਾਸ ਕਰਕੇ ਬਸਤੀਵਾਦ ਦੇ ਖ਼ਿਲਾਫ਼ ਭੁਗਤਦੀ ਹੈ। ਆਧੁਨਿਕਤਾ ਇਹਨਾਂ ਤਿੰਨਾਂ ਵਰਤਾਰਿਆਂ ਤੋਂ ਪੈਦਾ ਨਹੀਂ ਹੋਈ। ਉਦਯੋਗੀਕਰਨ, ਲੋਕਤੰਤਰਿਕ ਸੰਸਥਾਵਾਂ, ਰਾਸ਼ਟਰਵਾਦ, ਵਿਅਕਤੀਵਾਦ ਆਦਿ ਪੂੰਜੀ ਦੀ ਸੁਰੱਖਿਆ ਤਹਿਤ ਹੋਂਦ ਵਿੱਚ ਆਈਆਂ ਸੰਸਥਾਵਾਂ ਹਨ। ਇਹ ਪੂੰਜੀਪਤੀਆਂ ਅਤੇ ਰਾਜ ਦੀ ਸਾਂਝ-ਭਿਆਲੀ ਵਿੱਚੋਂ ਨਿਕਲੇ ਸੰਕਲਪ ਹਨ। ਆਧੁਨਿਕਤਾ ਦਾ ਇਹਨਾਂ ਨਾਲ ਕੋਈ ਵਾਸਤਾ ਨਹੀਂ ਹੈ। ਆਧੁਨਿਕਤਾ, ਚਰਚ ਦੇ ਉਲਟ ਅਤੇ ਵਿਰੋਧੀ ਹੈ ਕਿਉਂਕਿ ਇਹ ਵਰਤਾਰਿਆਂ ਨੂੰ ਦਵੰਦਾਤਮਕ ਦ੍ਰਿਸ਼ਟੀ ਤੋਂ ਦੇਖਦੀ ਹੈ। ਆਧੁਨਿਕਤਾ ਇਤਿਹਾਸਿਕ, ਸਮਾਜਿਕ ਅਤੇ ਕੁਦਰਤੀ ਵਰਤਾਰਿਆਂ ਨੂੰ ਬਾਹਰਮੁਖੀ, ਵਿਵੇਕਮਈ, ਵਿਸ਼ਲੇਸ਼ਣੀ ਅਤੇ ਵਿਗਿਆਨਿਕ ਢੰਗ ਨਾਲ ਸਮਝਣ ਅਤੇ ਸਮਝਾਉਣ ਦੀ ਪ੍ਰਕਿਰਿਆ ਹੈ। ਯੂਰਪੀ ਬਸਤੀਵਾਦ ਨਾਲ ਜਿਹੜੀ ਆਧੁਨਿਕਤਾ ਬਸਤੀਆਂ ਵਿਚ ਪੈਦਾ ਹੋਈ ਉਹ ਬਸਤੀਵਾਦੀ ਆਧੁਨਿਕਤਾ ਹੈ। ਅਸਲ ਵਿਚ ਪੂੰਜੀਵਾਦ/ਬਸਤੀਵਾਦ ਨੇ ਆਧੁਨਿਕਤਾ ਨੂੰ ਪੂਰੀ ਤਰ੍ਹਾਂ ਵਿਕਸਤ ਹੋਣ ਹੀ ਨਹੀਂ ਦਿੱਤਾ ਪਹਿਲਾਂ ਹੀ ਪੂੰਜੀ ਦੇ ਅਧੀਨ ਕਰ ਲਿਆ। ਇਸ ਸੰਦਰਭ ਵਿੱਚ ਡਾ. ਸਰਬਜੀਤ ਸਿੰਘ ਦੀ ਧਾਰਨਾ ਵਿਸ਼ੇਸ਼ ਮਹੱਤਵ ਰੱਖਦੀ ਹੈ:

> *ਨਿਸ਼ਚੇ ਹੀ ਆਧੁਨਿਕਤਾ ਦਾ ਇਹ ਸੰਕਲਪ ਪੱਛਮ ਦੀ ਦੇਣ ਹੈ ਜੋ ਯੂਰਪ ਦੇ ਵਿਗਿਆਨਿਕ ਵਿਕਾਸ ਤੇ ਸਨਅਤੀ ਇਨਕਲਾਬ ਨਾਲ ਸੰਬੰਧਿਤ ਹੈ ਪਰੰਤੂ ਪੰਜਾਬ/ਭਾਰਤ ਵਿੱਚ ਇਹ ਸੰਕਲਪ ਚੇਤਨਾ ਬਰਤਾਨਵੀ ਬਸਤੀਵਾਦ ਨਾਲ ਆਉਂਦੀ ਹੈ। ਜਿਸ ਰੂਪ ਵਿੱਚ ਯੂਰਪ ਅੰਦਰ ਇਹ ਵਿਗਿਆਨਿਕ ਕ੍ਰਾਂਤੀ ਭੌਤਿਕ ਪਰਿਸਥਿਤੀਆਂ ਨੂੰ ਬਦਲ ਦਿੰਦੀ ਹੈ, ਉਸੇ ਤਰ੍ਹਾਂ ਬਸਤੀਵਾਦ ਰਸਤਿਓਂ ਆਈ ਇਹ ਆਧੁਨਿਕਤਾ ਆਪਣਾ ਸਰੂਪ ਅਤੇ ਕਿਰਦਾਰ ਬਦਲ ਲੈਂਦੀ ਹੈ। ਆਧੁਨਿਕਤਾ ਨਾਲ ਸੰਬੰਧਿਤ ਵਿਗਿਆਨ ਟੈਕਨੋਲੋਜੀ ਅਤੇ ਵਿਗਿਆਨਿਕ ਉਪਕਰਣ ਪੰਜਾਬ/ਭਾਰਤ ਅੰਦਰ ਗੁਣਾਤਮਕ ਪਰਿਵਰਤਨ ਦੀ ਥਾਂਵੇਂ ਭਾਰਤੀ ਸੰਸਾਧਨਾਂ ਅਤੇ ਪ੍ਰਾਕਿਰਤਿਕ ਸਰੋਤਾਂ ਦੇ ਸ਼ੋਸ਼ਣ ਦਾ ਮਾਧਿਅਮ ਬਣ ਜਾਂਦੇ ਹਨ। ਇਹ ਆਧੁਨਿਕਤਾ ਬਸਤੀਵਾਦੀ ਸਰੂਪ ਵਿੱਚ ਪਦਾਰਥਕ ਜੀਵਨ ਦੇ ਨਾਲ-ਨਾਲ ਮਨੁੱਖ ਦੇ ਸਮੁੱਚੇ ਬੌਧਿਕ, ਭਾਵਕ ਅਤੇ ਮਾਨਸਿਕ ਜਗਤ ਨੂੰ ਬਸਤੀਵਾਦੀ ਵਿਧੀ-ਵਿਧਾਨ ਅਨੁਸਾਰ ਢਾਲਣਾ ਸ਼ੁਰੂ ਕਰ ਦਿੰਦੀ ਹੈ।* [2]

ਡਾ. ਸਰਬਜੀਤ ਸਿੰਘ ਜਿਸ ਆਧੁਨਿਕਤਾ ਵੱਲ ਸੰਕੇਤ ਕਰਦੇ ਹਨ ਉਹ ਬਸਤੀਕਾਰਾਂ ਦੁਆਰਾ ਹਥਿਆਈ ਗਈ ਆਧੁਨਿਕਤਾ ਦਾ ਰੂਪ ਹੈ। ਆਧੁਨਿਕਤਾ ਅਸਲ ਵਿੱਚ ਜੀਵਨ ਦ੍ਰਿਸ਼ਟੀ ਹੈ ਜਿਸ ਦੇ ਆਧਾਰ ਵਿੱਚ ਵਿਗਿਆਨਕ, ਤਾਰਕਕ ਅਤੇ ਵਿਸਲੇਸ਼ਨੀ ਸੋਚ-ਵਿਧੀ ਕਾਰਜਸ਼ੀਲ ਹੈ। ਇਹ ਬਾਹਰਮੁਖੀ ਅਤੇ ਪ੍ਰਯੋਗਾਤਮਕ ਸੁਭਾਅ ਦੀ ਹੈ। ਇਸ ਲਈ ਬਸਤੀਕਾਰਾਂ ਵੱਲੋਂ ਆਧੁਨਿਕਤਾ ਦਾ ਇਸਤੇਮਾਲ ਆਪਣੇ ਬਸਤੀਵਾਦੀ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ। ਇਸ ਦੇ ਨਤੀਜੇ ਵਜੋਂ ਆਧੁਨਿਕਤਾ ਦਾ ਸਰੂਪ ਅਤੇ ਚਰਿੱਤਰ ਪੂਰੀ ਤਰ੍ਹਾਂ ਬਦਲ ਜਾਂਦਾ ਹੈ। ਇਹ ਇੱਕ ਕਿਸਮ ਦੇ ਭ੍ਰਿਸ਼ਟ ਅਤੇ ਬਸਤੀਵਾਦ ਪੱਖੀ ਅਤੇ ਬਸਤੀਆਂ ਦੇ ਪ੍ਰਤੀਕੂਲ ਸੁਭਾਅ ਦੀ ਹੋ ਜਾਂਦੀ ਹੈ। ਆਧੁਨਿਕਤਾ ਦੇ ਇਸ ਪ੍ਰਤਿਕੂਲ ਸੁਭਾਅ ਦੇ ਚਰਿੱਤਰ ਨੂੰ ਹੀ ਆਧੁਨਿਕਤਾ ਮੰਨ ਲੈਣਾ ਵੱਡੀ ਇਤਿਹਾਸਕ ਭੁੱਲ ਹੈ। ਆਧੁਨਿਕਤਾ ਨੂੰ ਬਸਤੀਕਾਰਾਂ ਨਾਲ ਜੋੜਨਾ ਵੀ ਸਹੀ ਨਹੀਂ ਹੈ ਕਿਉਕਿ ਉਹ ਖੁਦ ਵੀ ਤਾਂ ਆਧੁਨਿਕਤਾ ਦੇ ਵਿਰੋਧੀ ਸਨ।

ਬਸਤੀਵਾਦੀ ਆਧੁਨਿਕਤਾ ਬਸਤੀਵਾਦ ਦਾ ਹੀ ਇਕ ਸਹਿ-ਉਤਪਾਦ ਹੈ। Park Chan Seung ਦੇ ਹਵਾਲੇ ਨਾਲ E. Taylor Atkins ਨੇ ਲਿਖਿਆ ਹੈ,

> *"ਬਸਤੀਵਾਦੀ ਆਧੁਨਿਕਤਾ, ਆਧੁਨਿਕਤਾ ਦੀ ਸਰਵਭੌਮਿਕ ਧਾਰਨਾ ਦੀ ਬਸਤੀਵਾਦ ਦੇ ਪਰਿਪੇਖ ਵਿੱਚ ਅਭਿਵਅਕਤੀ ਹੈ।"* [3]

ਇਸ ਤਰ੍ਹਾਂ ਬਸਤੀਵਾਦੀ ਆਧੁਨਿਕਤਾ, ਆਧੁਨਿਕਤਾ ਉਹ ਦਾ ਰੂਪ ਹੈ ਜੋ ਬਸਤੀਵਾਦੀ ਪ੍ਰਕਿਰਿਆ ਦੁਆਰਾ ਬਸਤੀਆਂ ਵਿਚ ਬਸਤੀਵਾਦ ਦੇ ਹਿਤਾਂ ਨੂੰ ਸੁਰਖਿਅਤ ਕਰਨ ਅਤੇ ਇਸ ਨੂੰ ਉਚਿਤ ਠਹਿਰਾਉਣ ਬਾਬਤ ਪੈਦਾ ਹੋਇਆ। ਪੂੰਜੀਵਾਦੀ ਸਮਾਜ ਦੀਆਂ ਸਾਰੀਆਂ ਸਮਾਜ-ਸਭਿਆਚਾਰਕ, ਰਾਜਨੀਤਕ, ਲੋਕਤੰਤਰਕ, ਧਾਰਮਕ ਸੰਸਥਾਵਾਂ ਬਸਤੀਵਾਦੀ ਆਧੁਨਿਕਤਾ ਦੇ ਉਦਭਵ ਅਤੇ ਵਿਕਾਸ ਵਿਚ ਕਰਜਸ਼ੀਲ ਭੂਮਿਕਾ ਨਿਭਾਉਂਦੀਆਂ ਹਨ। ਇਸ ਦੇ ਨਾਲ ਹੀ ਬਸਤੀਵਾਦੀ ਸਿਖਿਆ-ਪ੍ਰਬੰਧ ਨਾਲ ਸਥਾਨਕ ਲੋਕਾਂ ਵਿਚ ਪੈਦਾ ਹੋਈ ਚੇਤਨਾ ਜੋ ਬਸਤੀਵਾਦ ਦੇ ਹਿਤਾਂ ਦੀ ਰੱਖਿਆ ਕਰਦੀ ਹੈ ਬਸਤੀਵਾਦੀ ਆਧੁਨਿਕਤਾ ਹੁੰਦੀ ਹੈ। ਇਸ ਤਰ੍ਹਾਂ ਬਸਤੀਵਾਦੀ ਆਧੁਨਿਕਤਾ ਬਸਤੀਵਾਦ ਜਾਂ ਪੂੰਜੀਵਾਦ ਦੇ ਹਿਤਾਂ ਦੀ ਪੂਰਤੀ ਲਈ ਕਾਰਜ ਕਰਦੀ ਹੈ। ਇਹ ਇਕ ਵਿਚਾਰਧਾਰ ਚੇਤਨਾ ਹੈ ਜੋ ਬਸਤੀਵਾਦ ਦੇ ਵਿਗਾੜਾਂ ਨੂੰ ਢਕਣ ਦਾ ਕਾਰਜ ਕਰਦੀ ਹੈ। ਬਸਤੀਵਾਦੀ ਆਧੁਨਿਕਤਾ-

ਆਧੁਨਿਕ ਖੋਜਾਂ, ਗਿਆਨ-ਵਿਗਿਆਨ, ਸਾਧਨਾਂ, ਸੰਸਥਾਵਾਂ ਦੀ ਬਸਤੀਵਾਦ ਦੁਆਰਾ ਪ੍ਰਯੋਗ ਤੋਂ ਪੈਦਾ ਹੋਈ ਬਸਤੀਆਂ ਵਿਚ ਬਸਤੀਵਾਦ ਪੱਖੀ ਚੇਤਨਾ ਹੈ।

ਇਸ ਦੇ ਨਾਲ ਹੀ ਬਸਤੀਵਾਦੀ ਆਧੁਨਿਕਤਾ ਦੀ ਵਿਗਿਆਨਿਕ ਸਮਝ ਲਈ ਬਸਤੀਕਾਰਾਂ ਦੇ 'ਸਭਿਅਕ ਮਿਸ਼ਨ' ਦੀ ਵਿਚਾਰਧਾਰਾ ਨੂੰ ਸਮਝਣਾ ਜ਼ਰੂਰੀ ਹੈ। ਇਸ ਸਭਿਅਕ ਮਿਸ਼ਨ ਦੇ ਦਾਅਵੇ ਕਈ ਬਸਤੀਵਾਦੀ ਦੇਸ਼ਾਂ ਨੇ 18ਵੀਂ ਸਦੀ ਦੇ ਉੱਤਰਾਰਧ ਵਿੱਚ ਆਪੋ-ਆਪਣੀਆਂ ਬਸਤੀਆਂ ਪ੍ਰਤੀ ਕੀਤੇ।

> *"ਸਾਰੀਆਂ ਯੂਰਪੀ ਸ਼ਕਤੀਆਂ ਨੇ 18ਵੀਂ ਸਦੀ ਦੇ ਉੱਤਰਾਰਧ ਵਿੱਚ ਆਪਣੀਆਂ ਬਸਤੀਆਂ ਵਿੱਚ ਸਭਿਅਕ ਯੋਜਨਾਵਾਂ ਲਾਗੂ ਕਰਨ ਦੇ ਦਾਅਵੇ ਕੀਤੇ। ਬਾਕੀ ਯੂਰਪੀ ਸ਼ਕਤੀਆਂ ਦੀ ਤਰ੍ਹਾਂ ਭਾਰਤ ਵਿੱਚ ਅੰਗਰੇਜ਼ਾਂ ਦੇ ਨੈਤਿਕ ਅਤੇ ਪਦਾਰਥਕ ਵਿਕਾਸ ਦੇ ਦਾਅਵੇ ਨੂੰ ਵੀ ਸਭਿਅਕ ਮਿਸ਼ਨ ਤਹਿਤ ਹੀ ਸਮਝਿਆ ਜਾਂਦਾ ਹੈ।"* [4]

ਬਸਤੀਕਾਰਾਂ ਦੇ ਇਹ ਸਭਿਅਕ ਅਤੇ ਸ੍ਰੇਸ਼ਠ ਹੋਣ ਦੀ ਧਾਰਨਾ ਦੀ ਪੈੜ ਨੱਪਦਿਆਂ ਦੂਰ ਇਤਿਹਾਸ ਵਿੱਚ ਇਤਾਲਵੀ ਪੁਨਰ-ਜਾਗਰਣ ਤੱਕ ਰਸਾਈ ਹੁੰਦੀ ਹੈ। ਇਹ ਪੁਨਰ-ਜਾਗਰਣ ਦੀ ਹੀ ਧਾਰਨਾ ਸੀ ਜੋ ਬਸਤੀਕਾਰ ਨਾਲ ਲੈ ਕੇ ਆਏ ਅਤੇ ਇਸਦੇ ਤਹਿਤ ਉਹਨਾਂ ਨੇ ਬਸਤੀਆਂ ਅੰਦਰ ਬਸਤੀਵਾਦ ਦਾ ਸਥਾਪਨਾ ਕੀਤਾ। ਸਭਿਅਕ ਮਿਸ਼ਨ ਦੀ ਆੜ ਵਿੱਚ ਹੀ ਬਸਤੀਕਾਰਾਂ ਨੇ ਆਪਣੇ ਬਸਤੀਵਾਦੀ ਹਿਤਾਂ ਦੀ ਪੂਰਤੀ ਲਈ ਆਧੁਨਿਕ ਦਿਖ ਦੀਆਂ ਅਜਿਹੀ ਸੰਸਥਾਵਾਂ ਦਾ ਨਿਰਮਾਣ ਕੀਤਾ ਜੋ ਦਿਖ ਦੇ ਪੱਧਰ 'ਤੇ ਆਧੁਨਿਕਤਾ, ਵਿਕਾਸਸ਼ੀਲਤਾ, ਤਾਰਕਿਕਤਾ ਅਤੇ ਨਿਰਪੱਖਤਾ ਦਾ ਭਰਮ ਸਿਰਜਦੀਆਂ ਸਨ ਪਰ ਸਾਰ ਦੇ ਪੱਧਰ 'ਤੇ ਇਹ ਸੰਸਥਾਵਾਂ ਪਿੱਛਾਖੜੀ, ਪਤਨਮੁਖੀ, ਅਤਾਰਕਿਕ, ਪੱਖਪਾਤੀ, ਸੰਪ੍ਰਦਾਇਕ ਅਤੇ ਬਸਤੀਵਾਦੀ ਹਿਤਾਂ ਦੇ ਅਨੁਸਾਰੀ ਸਨ। ਇਹਨਾਂ ਵਿੱਚ ਭਾਸ਼ਾ, ਸਿੱਖਿਆ, ਆਰਥਿਕ, ਸਮਾਜ-ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਪ੍ਰਮੁੱਖ ਸਨ। ਇਹਨਾਂ ਸੰਸਥਾਵਾਂ ਨੇ ਬਸਤੀਵਾਦੀ ਆਧੁਨਿਕਤਾ ਨੂੰ ਜਨਮ ਦਿੱਤਾ। ਬਸਤੀਵਾਦੀ ਆਧੁਨਿਕਤਾ ਦਿਖ ਅਤੇ ਸਾਰ ਦੇ ਪੱਧਰ 'ਤੇ ਅੰਤਰ ਵਿਰੋਧਾਂ ਨਾਲ ਗ੍ਰਸਤ ਭਰਮ ਚੇਤਨਾ ਹੈ। ਇਹ ਸੰਪ੍ਰਦਾਇਕ, ਪਤਨਮੁਖੀ, ਅਵਿਗਿਆਨਿਕ ਅਤੇ ਝੂਠੀ ਚੇਤਨਾ ਹੈ। ਇਹ ਪੂੰਜੀਵਾਦ/ਬਸਤੀਵਾਦ ਦੇ ਅੰਤਰ ਵਿਰੋਧਾਂ, ਵਿਗਾੜਾਂ, ਉਜਾੜਿਆਂ ਉੱਤੇ ਪਰਦਾ ਪਾ ਦਿੰਦੀ ਹੈ। ਇਸ ਤਰ੍ਹਾਂ ਬਸਤੀਵਾਦੀ ਆਧੁਨਿਕਤਾ, ਪੂੰਜੀਵਾਦ ਦੀ ਸੁਰੱਖਿਆ ਲਈ ਵਿਚਾਰਧਾਰਕ ਔਜ਼ਾਰ ਹੈ ਜੋ ਪੂੰਜੀਵਾਦ ਦੇ ਵਿਗਾੜਾਂ ਅਤੇ ਅੰਤਰ ਵਿਰੋਧਾਂ ਨੂੰ ਆਧੁਨਿਕਤਾ ਦੇ ਮੱਥੇ ਮੜ੍ਹ ਕੇ ਪੂੰਜੀਵਾਦ ਅਤੇ ਬਸਤੀਵਾਦ ਨੂੰ ਬਰੀ ਹੀ ਨਹੀਂ ਕਰਦੀ ਸਗੋਂ ਉਸਨੂੰ ਪ੍ਰਮਾਣਿਕ, ਉੱਚਿਤ ਅਤੇ ਕੁਦਰਤੀ ਵਰਤਾਰਾ ਵੀ ਸਿੱਧ ਕਰ ਦਿੰਦਾ ਹੈ।

ਯੂਰਪੀ ਪੁਨਰ-ਜਾਗਰਣ ਅਤੇ ਬ੍ਰਿਟੇਨ ਦੇ ਸਾਮੰਤੀ ਅਤੇ ਪੂੰਜੀਵਾਦੀ ਖ਼ਾਸੇ ਨੇ ਬਸਤੀਵਾਦੀ ਆਧੁਨਿਕਤਾ ਦਾ ਸਰੂਪ ਤਿਆਰ ਕੀਤਾ। ਬਸਤੀਵਾਦੀ ਆਧੁਨਿਕਤਾ ਜਿਸ ਨੂੰ ਪੰਜਾਬੀ ਚਿੰਤਕਾਂ ਨੇ ਆਧੁਨਿਕਤਾ ਸਵੀਕਾਰ ਕੀਤਾ, ਅਸਲ ਵਿੱਚ ਇਹ ਬਸਤੀਵਾਦੀ ਆਧੁਨਿਕਤਾ ਹੈ ਜਿਸ ਵਿੱਚ ਬਸਤੀਕਾਰ ਆਪਣੇ ਮੁਨਾਫ਼ੇ ਲਈ ਗਿਆਨ-ਵਿਗਿਆਨ ਅਤੇ ਹੋਰਨਾਂ ਲੋਕਤੰਤਰੀ ਸੰਸਥਾਵਾਂ ਜੋ ਪੂੰਜੀਵਾਦ ਦੀ ਦੇਣ ਹਨ, ਨੂੰ ਬਸਤੀਆਂ 'ਤੇ ਕਬਜ਼ੇ ਲਈ ਇਸਤੇਮਾਲ ਕਰਦਾ ਹੈ। ਬਸਤੀਵਾਦੀ ਆਧੁਨਿਕਤਾ ਬਸਤੀਵਾਦੀ ਸਿੱਖਿਆ ਪ੍ਰਣਾਲੀ, ਬਸਤੀਵਾਦੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਨਿਆ ਸੰਸਥਾਵਾਂ ਰਾਹੀਂ ਪੈਦਾ ਹੋਈ ਹੈ। ਬਸਤੀਕਾਰ ਆਪਣੀਆਂ ਬਸਤੀਆਂ ਵਿੱਚ ਆਪਣੇ ਪ੍ਰਬੰਧ ਨੂੰ ਬਣਾਈ ਰੱਖਣ ਲਈ ਅਤੇ ਇਸ ਨੂੰ ਉਚਿਤ ਤੇ ਵਿਧਾਨਕ ਸਿੱਧ ਕਰਨ ਲਈ ਜੋ ਵੀ ਢੰਗ ਤਰੀਕੇ ਅਪਣਾਉਂਦੇ ਹਨ ਉਹ ਸਾਰੇ ਨਵੇਂ ਯੁਗ ਦੀਆਂ ਕਾਢਾਂ ਸਨ। ਇਸ ਪ੍ਰਕਿਰਿਆ ਵਿੱਚ ਬਸਤੀਆਂ ਵਿੱਚ ਜੋ ਚੇਤਨਾ ਪੈਦਾ ਹੋਈ ਜਿਸ ਨੂੰ ਆਧੁਨਿਕ ਚੇਤਨਾ, ਗ੍ਰਹਿਣੀ ਚੇਤਨਾ, ਉਧਾਰੇ ਦੀ ਚੇਤਨਾ ਆਦਿ ਨਾਮ ਦਿੱਤੇ ਗਏ, ਉਹ ਬਸਤੀਵਾਦੀ ਆਧੁਨਿਕਤਾ ਹੈ।

**ਬਸਤੀਵਾਦੀ ਆਧੁਨਿਕਤਾ ਦੇ ਲੱਛਣ ਅਤੇ ਵਿਸ਼ੇਸ਼ਤਾਵਾਂ:**

ਬਸਤੀਵਾਦੀ ਆਧੁਨਿਕਤਾ ਵਿਭਿੰਨ ਬਸਤੀਆਂ ਦੀਆ ਆਪਣੀਆਂ ਮੌਲਿਕ ਆਰਥਕ, ਰਾਜਸੀ, ਸਮਾਜ-ਸਭਿਆਚਾਰਕ ਬਣਤਰਾਂ ਕਰਕੇ ਵਿਭਿੰਨ ਰੂਪ ਦੀ ਹੋ ਸਕਦੀ ਹੈ ਪਰ ਇਸ ਦਾ ਸਾਰ ਇੱਕੋ ਹੈ। ਬਸਤੀਵਾਦੀ ਆਧੁਨਿਕਤਾ ਬਸਤੀਆਂ ਵਿੱਚ ਬਸਤੀਕਾਰਾਂ ਦੇ ਮੁਨਾਫ਼ੇ ਲਈ ਪੈਦਾ ਹੋਈ ਚੇਤਨਾ ਹੈ। ਇਹ ਬਸਤੀਕਾਰਾਂ ਦੇ ਹਿਤਾਂ ਦੇ ਨਾਲ-ਨਾਲ ਪੂੰਜੀ ਦੇ ਸੁਰੱਖਿਆ ਕਵਚ ਨੂੰ ਬਣਾਈ ਰੱਖਦੀ ਹੈ। ਇਹ ਬਸਤੀਕਾਰਾਂ ਦੇ ਸਾਰੇ ਜ਼ੁਲਮਾਂ ਅਤੇ ਸਿਤਮਾਂ ਨੂੰ ਢੱਕ ਦਿੰਦੀ ਹੈ।

ਬਸਤੀਵਾਦੀ ਆਧੁਨਿਕਤਾ ਇਕ ਅਜਿਹੇ ਭ੍ਰਮਤ ਮਨੁੱਖ ਨੂੰ ਪੈਦਾ ਕਰਦੀ ਹੈ ਜੋ ਬਾਹਰੋਂ ਦੇਖਣ ਨੂੰ ਬੇਸ਼ਕ ਗਿਆਨਵਾਨ ਅਤੇ ਉਦਾਰ ਜਾਪਦਾ ਹੈ ਪਰ ਉਹ ਬਸਤੀਕਾਰਾਂ ਅਤੇ ਬਸਤੀਵਾਦ ਦਾ ਹਮੇਸ਼ਾ ਮੁੱਦਈ, ਰਿਣੀ ਅਤੇ ਵਫ਼ਾਦਾਰ ਬਣਿਆ ਰਹਿੰਦਾ ਹੈ। ਭਾਰਤੀ ਸਮਾਜ-ਸੁਧਾਰਕ ਇਸੇ ਸ਼੍ਰੇਣੀ ਦੇ ਭ੍ਰਾਂਤੀਵਾਨ ਪੁਰਸ਼ ਸਨ ਜੋ ਬੇਸ਼ਕ ਸਮਾਜ ਅਤੇ ਧਰਮ ਦੀਆਂ ਕੁਰੀਤੀਆਂ ਨੂੰ ਖ਼ਤਮੇ ਲਈ ਵਚਨਬੱਧ ਸਨ ਪਰ ਆਪਣੇ ਸਮੇਂ ਦੇ ਸਭ ਤੋਂ ਵੱਡੇ ਅਤੇ ਕਰੂਰ ਦਾਨਵ ਦੀ ਨਿਸ਼ਾਨਦੇਹੀ ਨਹੀਂ ਕਰ ਪਾਏ। ਉਹ ਪੂੰਜੀਵਾਦ ਦੇ ਸਰੂਪ ਨੂੰ ਸਮਝ ਨਹੀਂ ਪਾਏ ਜੋ ਸਮੁੱਚੀ ਮਾਨਵਤਾ ਦੇ ਸਾਹਮਣੇ ਇਕ ਵੱਡੇ ਮਹਾਦਾਨਵ ਵਾਂਗ ਖੜ੍ਹਾ ਸੀ। ਇਹ ਸਾਰੇ ਸੁਧਾਰਕ ਆਪਣੇ ਸ਼ੋਸ਼ਕਾਂ ਨੂੰ ਹੀ ਆਪਣਾ ਮੁਕਤੀ ਦਾਤਾ ਪ੍ਰਵਾਨ ਕਰਦੇ ਹਨ ਅਤੇ ਇਹਨਾਂ ਦੇ ਦਿਖਾਏ ਰਾਹ, ਇਹਨਾਂ ਦੁਆਰਾ ਪ੍ਰਮਾਣਿਤ ਮਾਪਦੰਡਾਂ ਨੂੰ ਹੀ ਤਰੱਕੀ ਦੇ ਆਧਾਰ ਸਵੀਕਾਰ ਲੈਂਦੇ ਹਨ। ਇਸ ਤਰ੍ਹਾਂ ਭਾਰਤ ਅਤੇ ਪੰਜਾਬ ਦੇ ਉਹ ਸਾਰੇ ਸਮਾਜ-ਸੁਧਾਰਕ ਜੋ ਬਸਤੀਵਾਦੀ ਸਿੱਖਿਆ-ਪ੍ਰਣਾਲੀ ਦੁਆਰਾ ਸਿਖਿਅਤ ਹੋਏ ਜਿਹਨਾਂ ਨੇ ਧਰਮ ਅਤੇ ਸਮਾਜ ਦੇ ਸੁਧਾਰ ਲਈ ਵਿਭਿੰਨ ਅੰਦੋਲਨ ਸ਼ੁਰੂ ਕੀਤੇ ਬਸਤੀਵਾਦੀ ਆਧੁਨਿਕਤਾ ਨੂੰ ਪ੍ਰਨਾਏ ਹੋਏ ਸਨ। ਇਸ ਤਰ੍ਹਾਂ ਪੜ੍ਹੀ-ਲਿਖੀ ਮੱਧ-ਸ਼੍ਰੇਣੀ ਦੇ ਧਰਮ ਅਤੇ ਸਮਾਜ-ਸੁਧਾਰ ਦੇ ਕਾਰਜ, ਪਿਤਰ-ਸੱਤਾ ਦੇ ਪ੍ਰਤੀਰੋਧ ਵਿੱਚ ਉਭਰਿਆ ਨਾਰੀ ਰੋਹ, ਸਮਾਜ ਦੇ ਦੱਬੇ-ਕੁਚਲੇ ਲੋਕਾਂ ਦੇ ਮੁਕਤੀ ਅੰਦੋਲਨ ਆਦਿ ਬਸਤੀਵਾਦੀ ਆਧੁਨਿਕਤਾ ਦੇ ਹੀ ਪ੍ਰਤੱਖ ਪ੍ਰਮਾਣ ਹਨ। ਬਸਤੀਵਾਦੀ ਸਿੱਖਿਆ-ਪ੍ਰਣਾਲੀ ਨੇ ਬਸਤੀਵਾਦੀ ਆਧੁਨਿਕਤਾ ਦੇ ਬੀਜ ਭਾਰਤੀ ਮਨਾਂ ਵਿੱਚ ਬੀਜੇ। ਸਿਰਫ਼ ਗ਼ਦਰੀ, ਕ੍ਰਾਂਤੀਕਾਰੀ ਲੋਕ ਹੀ ਇਸਦਾ ਅਪਵਾਦ ਸਨ ਜਿਹੜੇ ਪੂੰਜੀਵਾਦ ਦੀ ਅਸਲੀਅਤ ਨੂੰ ਬਾਰੀਕੀ ਨਾਲ ਪਹਿਚਾਣਦੇ ਸਨ। ਇਹਨਾਂ ਦੀ ਚੇਤਨਾ ਵਿਸ਼ਵੀ ਅਤੇ ਪਾਰ-ਬਸਤੀਵਾਦੀ ਸੀ।

ਇਸ ਦੇ ਨਾਲ ਹੀ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਬਸਤੀਵਾਦੀ ਆਧੁਨਿਕਤਾ ਸਮੁੱਚੀਆਂ ਬਸਤੀਆਂ ਵਿੱਚ ਇੱਕੋ ਜਿਹੇ ਸੁਭਾਅ ਤੇ ਸਰੂਪ ਵਾਲੀ ਨਹੀਂ ਹੈ ਤੇ ਨਾ ਹੀ ਹੋ ਸਕਦੀ ਹੈ। ਇਹ ਸੰਬੰਧਿਤ ਬਸਤੀ ਦੇ ਭੂਗੋਲਿਕ, ਰਾਜਸੀ, ਸਮਾਜਕ, ਸਭਿਆਚਾਰਕ ਅਤੇ ਆਰਥਕ ਬਣਤਰਾਂ ਵਿੱਚੋਂ ਆਪਣਾ ਅਲੱਗ ਸਰੂਪ ਗ੍ਰਹਿਣ ਕਰਦੀ ਹੈ। ਇਸ ਤੋਂ ਵੀ ਅੱਗੇ ਇਹ ਸੰਬੰਧਿਤ ਬਸਤੀ ਵਿੱਚੋਂ ਮਿਲਣ ਵਾਲੇ ਕੱਚੇ-ਮਾਲ, ਮਜ਼ਦੂਰੀ ਦੀ ਕਿਸਮ, ਸਮਾਜਕ ਬਣਤਰਾਂ ਅਤੇ ਕਿਰਤ-ਵੰਡ ਵਿੱਚੋਂ ਆਪਣਾ ਵੱਖਰਾ ਰੂਪ ਇਖ਼ਤਿਆਰ ਕਰਦੀ ਹੈ। ਇਸ ਦਾ ਸਰੂਪ ਜੋ ਵੀ ਰਿਹਾ ਹੋਵੇ ਪਰ ਇਸਦਾ ਖ਼ਾਸਾ, ਇਸਦਾ ਅੰਦਰੂਨੀ ਪ੍ਰਬੰਧ ਅਤੇ ਇਸਦੇ ਮੂਲ ਹਮੇਸ਼ਾ ਇੱਕੋ ਜਿਹੇ ਰਹੇ ਹਨ।

ਇਹ ਬਸਤੀਕਾਰਾਂ ਦੁਆਰਾ ਯੋਜਨਾਬੱਧ ਢੰਗ ਨਾਲ ਪੈਦਾ ਕੀਤੀ ਚੇਤਨਾ ਹੈ। ਇਹ ਦਿੱਖ ਦੇ ਪੱਧਰ 'ਤੇ ਭਾਵੇਂ ਜਿੰਨੀ ਵੀ ਅਗਾਂਹਵਧੂ, ਪ੍ਰਗਤੀਸ਼ੀਲ ਜਾਂ ਲੋਕ ਹਿਤੈਸ਼ੀ ਲੱਗੇ ਪਰ ਇਸ ਦੀ ਅਸਲੀਅਤ ਹਮੇਸ਼ਾ ਬਸਤੀਵਾਦ ਪੱਖੀ ਰਹੀ ਹੈ। ਇਹ ਬਸਤੀਵਾਦੀ ਚੇਤਨਾ ਦਾ ਅਜਿਹਾ ਚਸ਼ਮਾ ਹੈ ਜਿਸ ਵਿੱਚੋਂ ਬਸਤੀਵਾਦ ਜਾਂ ਬਸਤੀਕਾਰਾਂ ਦਾ ਅਸਲ ਸੱਚ ਹਮੇਸ਼ਾ ਛੁਪਿਆ ਹੀ ਨਹੀਂ ਰਹਿੰਦਾ ਸਗੋਂ ਇਹ ਬਸਤੀਕਾਰਾਂ ਨੂੰ ਸਰਵੋਤਮ, ਨਿਪੁੰਨ, ਗੁਣੀ ਅਤੇ ਬਸਤੀਵਾਦ ਨੂੰ ਹੀ ਮੁਕਤੀ ਦਾ ਆਖ਼ਰੀ ਰਾਹ ਸਾਬਿਤ ਕਰ ਦਿੰਦੀ ਹੈ। ਇਸ ਸੰਬੰਧਿਤ ਸਮਾਜ ਦੇ ਵਿਗਾੜਾਂ, ਅੰਤਰ-ਵਿਰੋਧਾਂ ਨੂੰ ਧੁੰਦਲਾ ਕਰ ਦਿੰਦੀ ਹੈ। ਇਸ ਤਰ੍ਹਾਂ ਬਸਤੀਵਾਦੀ ਆਧੁਨਿਕਤਾ ਯਥਾਰਥ ਦੇ ਗਿਆਨ ਦੀ ਸੰਭਾਵਨਾਵਾਂ ਖ਼ਤਮ ਕਰ ਦਿੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਬਸਤੀਵਾਦੀ ਆਧੁਨਿਕਤਾ ਭ੍ਰਮਿਤ ਚੇਤਨਾ ਹੈ ਜੋ ਭਰਮ ਅਤੇ ਝੂਠੀ ਚੇਤਨਾ ਰਾਹੀਂ ਅਸਲ ਅੰਤਰ-ਵਿਰੋਧ ਨੂੰ ਜ਼ਾਹਰ ਨਹੀਂ ਹੋਣ ਦਿੰਦੀ। ਦੂਜੇ ਪਾਸੇ ਆਧੁਨਿਕਤਾ ਇਕ ਬਾਹਰਮੁਖੀ, ਵਿਗਿਆਨਕ ਅਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਹੈ ਇਹ ਸਮਾਜ, ਇਤਿਹਾਸ ਅਤੇ ਮਾਨਵੀ ਸੰਬੰਧਾਂ ਦਾ ਬਾਹਰਮੁਖੀ ਅਤੇ ਵਿਗਿਆਨਕ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦੀ ਹੈ। ਇਹ ਮੁੱਲਾਂ ਦਾ ਅਧਿਐਨ ਕਰਦੀ ਹੈ, ਖੁਦ ਮੁੱਲ ਨਹੀਂ ਹੈ।

ਦੂਜਾ ਨੁਕਤਾ ਵੰਨ-ਸੁਵੰਨਤਾ ਅਤੇ ਸੁਭਾਵਿਕਤਾ ਦਾ ਹੈ। ਬਸਤੀਵਾਦ ਨੇ ਵਿਸ਼ਵ ਦੇ ਸਵੈ-ਨਿਰਮਿਤ, ਵੰਨ-ਸੁਵੰਨੇ ਅਤੇ ਸੁਤੰਤਰ ਵਿਕਸਤ ਹੋ ਰਹੇ ਵਿਸ਼ਵ ਦੇ ਵਿਭਿੰਨ ਇਤਿਹਾਸਾਂ, ਸਮਾਜਕ ਵਿਕਾਸਾਂ ਨੂੰ ਉਹਨਾਂ ਦੀ ਵੰਨ-ਸੁਵੰਨਤਾ ਖ਼ਤਮ ਕਰਕੇ ਉਹਨਾਂ ਦੀ ਸਵੈ-ਨਿਰਮਿਤ ਅਤੇ ਸੁਭਾਵਿਕ ਗਤੀ ਨੂੰ ਤੋੜ ਕੇ ਉਹਨਾਂ ਨੂੰ ਇਕ ਬਸਤੀਵਾਦੀ ਮਾਡਲ ਅਧੀਨ ਲੈ ਆਂਦਾ। ਪੂਰਾ ਵਿਸ਼ਵ ਇਕ ਮੰਡੀ ਦੁਆਰਾ ਨਿਰਮਤ ਅਤੇ ਨਿਯਮਤ ਹੋਣ ਸ਼ੁਰੂ ਹੋ ਗਿਆ। ਪੂਰੇ ਵਿਸ਼ਵ ਦੇ ਸਾਹਮਣੇ ਇਤਿਹਾਸ, ਸਮਾਜ, ਆਰਥਕਤਾ ਅਤੇ ਰਾਜਨੀਤੀ ਦੇ ਅਜਿਹੇ ਮਾਪਦੰਡ ਸਥਾਪਿਤ ਹੋ ਗਏ ਜਿਹੜੇ ਬਸਤੀਆਂ ਵਿਚ ਬਸਤੀਵਾਦ ਦੁਆਰਾ ਥੋਪੇ ਗਏ ਜਬਰੀ ਪ੍ਰਬੰਧ ਦਾ ਨਤੀਜਾ ਸਨ। ਬਸਤੀਆਂ ਦੀਆਂ ਸਮਾਜਕ, ਰਾਜਨੀਤਕ ਅਤੇ ਆਰਥਕ ਸੰਸਥਾਵਾਂ ਇਸੇ ਮਾਡਲ ਦੀਆਂ ਉਦਾਹਰਨ ਹਨ।

ਬਸਤੀਕਾਰਾਂ ਨੇ ਜੋ ਇਤਿਹਾਸਕਾਰੀ ਦਾ ਜੋ ਮਾਡਲ ਦਿੱਤਾ ਹੈ ਉਸ ਬਾਰੇ ਭਾਰਤੀ ਪ੍ਰਗਤੀਸ਼ੀਲ ਇਤਿਹਾਸਕਾਰ ਪਹਿਲਾਂ ਹੀ ਨਿਖੇਧਾਤਮਕ ਰਾਇ ਦਰਜ ਕਰਾ ਚੁੱਕੇ ਹਨ ਪਰ ਇਤਿਹਾਸਕਾਰੀ ਦਾ ਇਹ ਮਾਡਲ ਅਜੇ ਵੀ ਜਿਉਂ ਦਾ ਤਿਉਂ ਚੱਲਿਆ ਆ ਰਿਹਾ ਹੈ। ਬਸਤੀਕਾਰਾਂ ਨੇ ਈਸਵੀ ਜਾਂ ਯਿਸੂ ਮਸੀਹ ਦੇ ਜਨਮ ਨਾਲ ਜੋੜ ਕੇ ਜੋ ਇਤਿਹਾਸਕਾਰੀ ਦਾ ਮਾਡਲ ਪੂਰੀ ਦੁਨੀਆ ਜਾ ਬਸਤੀਆਂ ਉੱਤੇ ਥੋਪਿਆ ਹੈ ਉਸਨੇ ਬਸਤੀਆਂ ਦੀ ਇਤਿਹਾਸਕ-ਚੇਤਨਾ ਤੇ ਇਤਿਹਾਸਕ ਗਤੀ ਨੂੰ ਭ੍ਰਿਸ਼ਟ ਕਰ ਦਿੱਤਾ। ਜੂਲੀਅਨ ਅਤੇ ਜੋਰਜੀਅਨ ਕੈਲੰਡਰ ਜਿਸ ਤਰ੍ਹਾਂ ਇਤਿਹਾਸ ਨੂੰ ਈਸਵੀ ਅਤੇ ਈਸਵੀ ਪੂਰਵ ਵਿੱਚ ਵਿਭਾਜਿਤ ਕੀਤਾ ਇਸ ਨਾਲ ਕਿਸੇ ਵੀ ਸਮਾਜ ਦੀ ਇਤਿਹਾਸਕ ਗਤੀ, ਇਤਿਹਾਸਕ-ਚੇਤਨਾ ਜਾਂ ਤਾਂ ਦੂਸ਼ਿਤ ਹੁੰਦੀ ਹੈ ਨਾਲ ਹੀ ਇਤਿਹਾਸ ਦਾ ਵੱਡਾ ਹਿੱਸਾ ਇਤਿਹਾਸਕ ਚੇਤਨਾ ਵਿਚੋਂ ਮਨਫ਼ੀ ਵੀ ਹੋ ਜਾਂਦਾ ਹੈ। ਬਸਤੀਵਾਦੀ ਇਤਿਹਾਸਕ ਮਾਡਲ ਨਾਲ ਪੰਜਾਬ/ਭਾਰਤ ਆਪਣੇ ਊਰਜਾ ਦੇ ਅਸਲ ਸਰੋਤਾਂ ਤੋਂ ਟੁੱਟ ਗਿਆ ਹੈ। ਬਸਤੀਕਾਰਾਂ ਨੇ ਭਾਰਤੀ ਜਾਂ ਪੰਜਾਬੀ ਇਤਿਹਾਸ ਨੂੰ ਧਰਮ ਕੇਂਦਰਤ ਕਰਕੇ ਲਿਖਿਆ ਹੈ ਹਾਲਾਂਕਿ ਪੰਜਾਬ ਦਾ ਇਤਿਹਾਸ ਜਾਂ ਭਾਰਤ ਦਾ ਇਤਿਹਾਸ ਇੱਥੇ ਪੈਦਾ ਹੋਏ ਧਰਮਾਂ ਤੋਂ ਵੀ ਬਹੁਤ ਪੁਰਾਣਾ ਹੈ। ਇਤਿਹਾਸ ਇਕ ਨਿਰੰਤਰ ਗਤੀ ਹੈ, ਵਹਾਅ ਹੈ ਅਤੇ ਧਰਮ ਇਸ ਨਿਰੰਤਰ ਗਤੀ ਜਾਂ ਵਹਾਅ ਵਿੱਚ ਪੈਦਾ ਹੋਏ ਸਨ। ਬਸਤੀਕਾਰਾਂ ਨੇ ਪੰਜਾਬੀ/ਭਾਰਤੀ ਮਨ ਨੂੰ ਧਰਮ ਦੀ ਅਜਿਹੀ ਪਿਉਂਦ ਚਾੜ੍ਹੀ ਕਿ ਬਸਤੀਵਾਦੀ ਆਧੁਨਿਕਤਾ ਨੇ ਧਰਮ ਅਤੇ ਇਤਿਹਾਸ ਨੂੰ ਇੱਕੋ ਹੀ ਬਣਾ ਦਿੱਤਾ ਹੈ।

ਬਸਤੀਵਾਦੀ ਆਧੁਨਿਕਤਾ ਦਾ ਅਗਲਾ ਗੁਣ ਜਾਂ ਲੱਛਣ ਨਿਆਂ-ਪ੍ਰਣਾਲੀ ਅਤੇ ਕਾਨੂੰਨ-ਵਿਵਸਥਾ ਦਾ ਪੂੰਜੀ ਜਾਂ ਸੰਪੱਤੀ ਕੇਂਦਰਿਤ ਹੋਣਾ ਹੈ। ਜਿਵੇਂ ਕਿ ਪਿੱਛੇ ਚਰਚਾ ਕਰ ਆਏ ਹਾਂ ਪੂੰਜੀਵਾਦੀ-ਪ੍ਰਬੰਧ ਵਿੱਚ ਕਾਨੂੰਨ ਅਤੇ ਨਿਆਂ-ਪ੍ਰਣਾਲੀ ਦਾ ਪ੍ਰਮੁੱਖ ਪ੍ਰਕਾਰਜ ਪੂੰਜੀ/ਸੰਪੱਤੀ ਨੂੰ ਸੁਰੱਖਿਅਤ ਕਰਨਾ ਹੈ। ਪੂੰਜੀ, ਪੂੰਜੀਵਾਦੀ ਦੌਰ ਵਿੱਚ ਰੱਬ ਦਾ ਦਰਜਾ ਇਖ਼ਤਿਆਰ ਕਰ ਗਈ ਹੈ। ਇਹ ਸਰਵ-ਸਾਂਝੀ ਨਾ ਹੋ ਕੇ ਕੁਝ ਕੁ ਸੀਮਤ ਸਰਮਾਏਦਾਰਾਂ ਜਾਂ ਪੂੰਜੀਪਤੀਆਂ ਦੇ ਹੱਥਾਂ ਵਿੱਚ ਆ ਗਈ। ਬਹੁ-ਗਿਣਤੀ ਲੋਕ ਇਸ ਦੀ ਪਹੁੰਚ ਤੋਂ ਦੂਰ ਧੱਕ ਦਿੱਤੇ ਗਏ। ਨਿਆਂ-ਪ੍ਰਣਾਲੀ ਅਤੇ ਕਾਨੂੰਨ-ਵਿਵਸਥਾ ਇਸੇ ਬਹੁ-ਗਿਣਤੀ ਤਬਕੇ ਨੂੰ ਅਨੁਸ਼ਾਸਿਤ ਕਰਕੇ ਪੂੰਜੀ ਪ੍ਰਤੀ ਅਤੇ ਪੂੰਜੀਪਤੀਆਂ ਪ੍ਰਤੀ ਆਪਣਾ ਫ਼ਰਜ਼ ਅਦਾ ਕਰਦੀ ਹੈ।

ਸੰਪ੍ਰਦਾਇਕਤਾ ਬਸਤੀਵਾਦੀ ਆਧੁਨਿਕਤਾ ਦਾ ਕੇਂਦਰੀ ਲੱਛਣ ਹੈ। ਬਸਤੀਵਾਦ ਨੇ ਮਨੁੱਖੀ-ਕਿਰਤ, ਉਸਦੀ ਸਮਾਜ-ਪਛਾਣ, ਉਸਦੇ ਸੰਪੱਤੀ ਦੇ ਸੰਬੰਧਾਂ ਆਦਿ ਦੇ ਸਰੂਪ ਬਦਲ ਦਿੱਤੇ। ਭਾਰਤੀ ਸਮਾਜ ਵਿਚ ਬਸਤੀਵਾਦੀ-ਸਿੱਖਿਆ ਪ੍ਰਾਪਤ ਵਰਗ ਨੇ ਧਰਮ ਸੁਧਾਰ ਦੀਆਂ ਲਹਿਰਾਂ ਰਾਹੀਂ ਇਸ ਚੇਤਨਾ ਦਾ ਹੀ ਪ੍ਰਗਟਾਵਾ ਕੀਤਾ। ਭਾਸ਼ਾ ਅਤੇ ਲਿਪੀ ਦਾ ਧਰਮ ਨਾਲ ਸੰਬੰਧ ਅਤੇ ਫਿਰ ਇਹ ਸੰਬੰਧ ਸੰਪ੍ਰਦਾਇਕ ਰੂਪ ਵਿਚ ਸਮਾਜਕ-ਪਛਾਣਾਂ ਦਾ ਆਧਾਰ ਬਣਿਆ । ਇਸ ਦੇ ਬੇਹੱਦ ਭਿਆਨਕ ਨਤੀਜੇ ਨਿਕਲੇ ਅਤੇ ਭਾਰਤ/ਪੰਜਾਬ ਅਜੇ ਵੀ ਇਸਦੇ ਸਿੱਟੇ ਭੁਗਤ ਰਿਹਾ ਹੈ । ਇਸ ਤਰ੍ਹਾਂ ਬਸਤੀਵਾਦ ਨੇ ਭਾਰਤੀ ਵਰਣ-ਵਿਵਸਥਾ ਨੂੰ ਨਵਾਂ ਰੂਪ ਦੇ ਦਿੱਤਾ।

ਬਸਤੀਵਾਦੀ ਆਧੁਨਿਕਤਾ ਦਾ ਅਗਲਾ ਲੱਛਣ ਇਸ ਦੇ ਭ੍ਰਾਂਤੀ-ਮੂਲਕ ਹੋਣ ਵਿੱਚ ਹੈ। ਬਸਤੀਵਾਦੀ ਆਧੁਨਿਕਤਾ ਭ੍ਰਾਂਤੀਆਂ ਪੈਦਾ ਕਰਦੀ ਹੈ। ਭਾਰਤ ਅੰਦਰ ਜੋ ਆਰਥਕ, ਧਾਰਮਕ, ਰਾਜਸੀ ਸੰਸਥਾਵਾਂ ਬਸਤੀਵਾਦ ਨੇ ਉਸਾਰੀਆਂ ਉਹਨਾਂ ਦਾ ਅਸਲ ਖ਼ਾਸਾ ਪੂੰਜੀਪਤੀਆਂ ਅਤੇ ਪੂੰਜੀ ਨੂੰ ਸੁਰੱਖਿਅਤ ਕਰਨਾ ਹੈ। ਲੋਕਤਾਂਤਰਕ ਸੰਸਥਾਵਾਂ ਵੀ ਇਸੇ ਪ੍ਰਕਾਰਜ ਹਿਤ ਕਾਰਜਸ਼ੀਲ ਹਨ। ਭਾਰਤੀ ਲੋਕਤੰਤਰ ਸਰਮਾਏਦਾਰਾਂ ਅਤੇ ਰਾਜ ਦੀ ਆਪਸੀ ਗੰਢਤੁੱਪ ਦਾ ਗੋਰਖ-ਧੰਦਾ ਹੈ। ਭਾਰਤੀ ਲੋਕਤੰਤਰ ਭਾਰਤੀ ਇਤਿਹਾਸਕ-ਵਿਕਾਸ ਦਾ ਸਿੱਟਾ ਨਹੀਂ ਹੈ ਸਗੋਂ ਪੂੰਜੀ ਦੀ ਰਖਿਆ ਲਈ ਬਸਤੀਵਾਦ ਦੁਆਰਾ ਬੁਣੇ ਤਾਣੇ-ਬਾਣੇ ਦਾ ਹੀ ਬਦਲਿਆ ਰੂਪ ਹੈ। ਭਾਰਤੀ ਜਾਂ ਪੰਜਾਬੀ ਪਛਾਣ ਜਦ ਧਰਮ ਨਾਲ ਜੋੜ ਕੇ ਨਿਰਧਾਰਿਤ ਹੁੰਦੀ ਹੈ ਤਾਂ ਲੋਕਤੰਤਰ ਲੋਕਾਂ ਦਾ ਨਹੀਂ ਧਰਮਾਂ ਦੀ ਰਾਜਨੀਤੀ ਬਣ ਜਾਂਦਾ ਹੈ। ਭਾਰਤੀ ਲੋਕਤੰਤਰ ਅਤੇ ਪੱਛਮੀ ਲੋਕਤੰਤਰ ਦੀ ਤੁਲਨਾ ਵਿੱਚ ਇਸ ਗੱਲ ਨੂੰ ਬਿਹਤਰ ਸਮਝਿਆ ਜਾ ਸਕਦਾ ਹੈ।

ਬਸਤੀਵਾਦ ਦਾ ਅਗਲਾ ਲੱਛਣ ਅਸਾਵਾਂਪਣ ਪੈਦਾ ਕਰਨਾ ਹੈ। ਬਸਤੀਕਾਰਾਂ ਨੇ ਮੌਜੂਦਾ ਭਾਰਤ ਜਾਂ ਪੰਜਾਬ ਦਾ ਕੁਝ ਹਿੱਸਾ ਸਿੱਧੇ ਪ੍ਰਬੰਧ ਅਧੀਨ ਆਪਣੇ ਅਧਿਕਾਰ ਵਿਚ ਲਿਆ ਅਤੇ ਬਾਕੀ ਹਿੱਸਾ ਰਿਆਸਤਾਂ ਰਾਹੀਂ ਕੰਟਰੋਲ ਅਧੀਨ ਰੱਖਿਆ। ਇਸ ਤਰ੍ਹਾਂ ਬ੍ਰਿਟਿਸ਼ ਰਾਜ ਦੇ ਅਧੀਨ ਆਏ ਖੇਤਰਾਂ ਦੀ ਚੇਤਨਾ ਅਤੇ ਰਿਆਸਤਾਂ ਦੀ ਚੇਤਨਾ ਦੇ ਦੋ ਅਲੱਗ-ਅਲੱਗ ਸਰੂਪ ਹੋਂਦ ਵਿਚ ਆਏ। ਬ੍ਰਿਟਿਸ਼ ਅਧੀਨ ਖੇਤਰ ਜਿੱਥੇ ਵਿਸ਼ਵ-ਮੰਡੀ, ਵਿਸ਼ਵ-ਪੂੰਜੀ, ਅਤੇ ਵਿਸ਼ਵ ਪੱਧਰ 'ਤੇ ਪਹਿਲਾਂ ਵਿਚਰਣੇ ਸ਼ੁਰੂ ਹੋਏ ਉੱਥੇ ਰਿਆਸਤਾਂ ਆਪਣੇ ਸਥਾਨਕ/ਗ੍ਰਾਮੀਣ ਪ੍ਰਬੰਧਾਂ ਨਾਲ ਜੁੜੀਆਂ ਰਹੀਆਂ। ਇਸ ਦੇ ਫਲਸਰੂਪ ਇਕ ਪਾਸੇ ਅਖੌਤੀ ਪੂੰਜੀਵਾਦੀ ਨਗਰ ਚੇਤਨਾ ਵਾਲਾ ਭਾਰਤ/ਪੰਜਾਬ ਉਤਪੰਨ ਅਤੇ ਵਿਕਸਤ ਹੋਇਆ ਹੈ ਅਤੇ ਦੂਜੇ ਪਾਸੇ ਦਿਹਾਤੀ/ਸਾਮੰਤੀ ਚੇਤਨਾ

ਵਾਲੀਆਂ ਰਿਆਸਤਾਂ ਵਿਕਸਤ ਹੋਈਆਂ। ਇਹ ਦੋ ਵੱਖ-ਵੱਖ ਤਰ੍ਹਾਂ ਦੀਆਂ ਚੇਤਨਾਵਾਂ ਹਨ ਜੋ ਅਸਲ ਵਿੱਚ ਇਕ ਦੂਜੇ ਦੀਆਂ ਵਿਰੋਧੀ ਵੀ ਹਨ। ਮੌਜੂਦਾ ਭਾਰਤ/ਪੰਜਾਬ ਅੰਦਰ ਅਜੇ ਵੀ ਇਹ ਦੇਖੀਆਂ ਜਾ ਸਕਦੀਆਂ ਹਨ। ਭਾਰਤੀ/ਪੰਜਾਬੀ ਮਨ ਲੋਕਤੰਤਰਕ-ਪ੍ਰਣਾਲੀ ਨੂੰ ਸਾਮੰਤੀ ਅੱਖ ਨਾਲ ਦੇਖਦਾ ਹੈ ਜਿਸ ਦੇ ਨਤੀਜੇ ਅਤੇ ਵਿਗਾੜ ਪ੍ਰਤੱਖ ਰੂਪ ਵਿੱਚ ਸਾਹਮਣੇ ਹਨ।

ਬਸਤੀਵਾਦੀ ਆਧੁਨਿਕਤਾ ਦਾ ਅਗਲਾ ਲੱਛਣ ਇਸਦੇ ਸਿੱਖਿਆ-ਪ੍ਰਬੰਧ ਵਿੱਚ ਪਿਆ ਹੈ। ਬਸਤੀਵਾਦੀ ਸਿੱਖਿਆ-ਪ੍ਰਣਾਲੀ ਬਸਤੀਵਾਦੀ ਆਧੁਨਿਕਤਾ ਦੀ ਸਿਰਜਕ ਅਤੇ ਪ੍ਰਚਾਰਕ ਹੈ। ਇਹ ਸਿੱਖਿਆ-ਪ੍ਰਣਾਲੀ ਮੰਡੀ ਦੀ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਚਲਦੀ ਹੈ। ਬਸਤੀਵਾਦੀ ਰਾਜ ਵਿੱਚ ਇਸ ਦਾ ਪ੍ਰਕਾਰਜ ਅਨੁਸ਼ਾਸਿਤ ਦਿਮਾਗ਼ ਪੈਦਾ ਕਰਨਾ ਸੀ ਜੋ ਬਸਤੀਕਾਰਾਂ ਦੇ ਰਾਜ ਲਈ ਇਕ ਸਹਾਇਕ ਟੂਲ ਦਾ ਕਾਰਜ ਕਰਦੇ। ਇਹ ਸਿੱਖਿਆ-ਪ੍ਰਣਾਲੀ ਜਗਿਆਸਾ ਨਾਲੋਂ ਜ਼ਿਆਦਾ ਮੰਡੀ ਦੀਆਂ ਜ਼ਰੂਰਤਾਂ ਦੇ ਅਨੁਸਾਰੀ ਹੈ। ਇਸ ਦਾ ਮੁੱਖ ਪ੍ਰਕਾਰਜ, ਮਨੁੱਖ, ਮਨੁੱਖੀ ਸਮਝ ਜਾਂ ਪ੍ਰਕਿਰਤੀ ਦੇ ਗੁੱਝੇ ਜਾਂ ਅਣਸੁਲਝੇ ਰਹੱਸਾਂ ਨੂੰ ਸਮਝਣ ਦੀ ਬਜਾਇ ਵਿਅਕਤੀਗਤ ਮੁਕਤੀ ਹੈ। ਵਿਅਕਤੀਗਤ ਮੁਕਤੀ ਦਾ ਭਰਮ ਸਿਰਜਣ ਵਾਲੀ ਇਹ ਸਿੱਖਿਆ-ਪ੍ਰਣਾਲੀ ਅਸਲ ਵਿੱਚ ਵਿਅਕਤੀ ਨੂੰ ਦੁਬਿਧਾਗ੍ਰਸਤ, ਨਿਹੱਥਾ, ਚਿੰਤਾਤੁਰ ਅਤੇ ਬਹੁਤ ਹੱਦ ਤੱਕ ਲਾਲਚੀ ਬਣਾ ਦਿੰਦੀ ਹੈ। ਬਸਤੀਵਾਦੀ ਸਿੱਖਿਆ ਪ੍ਰਣਾਲੀ ਦੇ ਵਿਭਿੰਨ ਪੱਧਰ ਹਨ। ਇਹ ਵਿਭਿੰਨ ਪੱਧਰ ਵੱਖ-ਵੱਖ ਜਮਾਤਾਂ ਦੇ ਅਨੁਸਾਰ ਹਨ। ਵੱਖ-ਵੱਖ ਜਮਾਤਾਂ ਆਪਣੇ ਹਿਤਾਂ ਅਤੇ ਸਾਧਨਾਂ ਮੁਤਾਬਕ ਵੱਖ-ਵੱਖ ਪੱਧਰ ਦੀ ਸਿੱਖਿਆ-ਪ੍ਰਣਾਲੀ ਨਾਲ ਜੁੜਦੇ ਹਨ। ਇਸਦੇ ਫਲਸਰੂਪ ਭਾਰਤੀ/ਪੰਜਾਬੀ ਜਨਸੰਖਿਆ ਦਾ ਵੱਡਾ ਹਿੱਸਾ ਅਜਿਹੀ ਸਿੱਖਿਆ-ਤੰਤਰ ਵਿੱਚ ਉਲਝ ਜਾਂਦਾ ਹੈ ਜਿਸ ਦਾ ਮਕਸਦ ਇਕ ਅਨੁਸ਼ਾਸਿਤ ਕਾਮਾ ਤਿਆਰ ਕਰਨਾ ਹੈ। ਅਜਿਹੀ ਸਥਿਤੀ ਵਿੱਚ ਉਹ ਪਿੱਛਾਖੜੀ ਸੋਚ ਵਿੱਚ ਗ੍ਰਿਫ਼ਤ ਹੋ ਜਾਂਦਾ ਹੈ। ਬਸਤੀਵਾਦੀ ਸਿੱਖਿਆ-ਪ੍ਰਣਾਲੀ ਨੇ ਅਜਿਹੇ ਮਨੁੱਖ ਦੀ ਸਿਰਜਣਾ ਕੀਤੀ ਹੈ। ਇਹ ਸਿੱਖਿਆ-ਪ੍ਰਣਾਲੀ ਅਖ਼ੀਰ ਅਧੀਨਗੀ ਅਤੇ ਹੀਣਤਾ ਦਾ ਭਾਵ-ਬੋਧ ਪੈਦਾ ਕਰਦੀ ਹੈ।

ਸੋ ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਬਸਤੀਵਾਦੀ ਆਧੁਨਿਕਤਾ ਵਿਗਿਆਨਕ-ਦ੍ਰਿਸ਼ਟੀ ਨਹੀਂ ਹੈ। ਇਹ ਸੰਪ੍ਰਦਾਇਕ, ਭ੍ਰਾਂਤੀਮੂਲਕ, ਭ੍ਰਿਸ਼ਟ, ਅਧੀਨਗੀ ਅਤੇ ਹੀਣਤਾ ਦੇ ਭਾਵ-ਬੋਧ ਵਾਲੀ ਚੇਤਨਾ ਹੈ। ਇਹ ਚੇਤਨਾ ਪੰਜਾਬੀ/ਭਾਰਤੀ ਮਨ 'ਤੇ ਪੂਰੀ ਯੋਜਨਾ ਨਾਲ ਥੋਪੀ ਗਈ ਚੇਤਨਾ ਹੈ । ਇਸ ਦੀਆਂ ਖ਼ਾਮੀਆਂ/ਨਾਕਾਮੀਆਂ ਨੂੰ ਦੇਖਣਾ ਜਾਂ ਦੇਖ ਪਾਉਣਾ ਹੀ ਇਸ ਚੇਤਨਾ ਦਾ ਪ੍ਰਤੀ ਉੱਤਰ ਹੋ ਸਕਦਾ ਹੈ। ਅੱਜ ਭਾਰਤ/ਪੰਜਾਬ ਜਿਹਨਾਂ ਸਮਾਜਕ, ਆਰਥਕ, ਰਾਜਨੀਤਕ, ਅੰਤਰ-ਵਿਰੋਧਾਂ ਅਤੇ ਵਿਗਾੜਾਂ ਵਿੱਚੋਂ ਲੰਘ ਰਿਹਾ ਹੈ ਉਹ ਸਾਰੇ ਹੀ ਬਸਤੀਵਾਦੀ ਆਧੁਨਿਕਤਾ ਦੀ ਦੇਣ ਹਨ। ਇਹ ਬਸਤੀਕਾਰਾਂ ਦੁਆਰਾ ਜਬਰੀ ਥੋਪੇ ਗਏ ਆਰਥਕ, ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਮਾਡਲਾਂ ਦਾ ਹੀ ਸਿੱਟਾ ਹੈ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਕ ਦੇਸ ਹੈ ਅਤੇ ਇੱਥੇ ਲੋਕਤੰਤਰ ਸੰਪ੍ਰਦਾਇਕ ਸੁਭਾਅ ਦਾ ਹੈ। ਇਹ ਵਿਡੰਬਨਾ ਸਹਿਜ ਸਮੇਂ ਦਾ ਖੇਲ ਨਹੀਂ ਹੈ ਸਗੋਂ ਬਸਤੀਵਾਦੀ ਆਧੁਨਿਕਤਾ ਅਤੇ ਬਸਤੀਵਾਦੀ ਸਮਾਜ-ਸਭਿਆਚਾਰਕ, ਧਾਰਮਕ, ਰਾਜਸੀ ਅਤੇ ਆਰਥਕ ਸੰਸਥਾਵਾਂ ਦਾ ਫਲ ਹੈ।

## *ਹਵਾਲੇ ਅਤੇ ਟਿੱਪਣੀਆਂ*


1. *Gi-Wook Shin & Michael Edson Robinson, (1999), Colonial Modernity in Korea, Harvard University Press, London, P. 4-5.*
2. *ਡਾ. ਸਰਬਜੀਤ ਸਿੰਘ, (2019) ਸਾਹਿਤ, ਇਤਿਹਾਸ ਅਤੇ ਵਿਚਾਰਧਾਰਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ: 183-84.*
3. *E. Taylor Atkins, "Colonial Modernity", https://www.researchgate.net/publication/283503167_Colonial_Modernity_In_Michael_Seth_ed_Routledge_Handbook_of_Modern_Korean_History_London_Routledge_2016_124- 140 P. 126.*
4. *Harald Fischer-Tine and Michael Mann (Ed.), (2004), Colonialism as Civilizing Mission, , Anthem Press, London, P. 1*


## *Cite this Article-*


*ਸਤਿਨਾਮ ਸਿੰਘ (Satnam Singh), ਬਸਤੀਵਾਦੀ ਆਧੁਨਿਕਤਾ ਦਾ ਸੰਕਲਪ (Bastivadi Aadhunikta Da Sankalap), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 129-133.*

*Journal URL:* *www.armaan.org.in*

*DOI:* *https://doi.org/10.64119/armaan.vol.4.issue3.24*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/